## ਇਕ ਨਜ਼ਰ



ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਇਸਤਰੀਆ ਖੀਰਾਂਵਾਲੀ ਆਈਟੀਆਈ ਵਿਖੇ ਟੈਕਨੀਕਲ ਕੋਰਸਾਂ ਲਈ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਰੁਪਿੰਦਰ ਕੌਰ।

# ਵੱਖ-ਵੱਖ ਕੋਰਸਾਂ ਲਈ ਦਾਖ਼ਲਾ ਸ਼ੁਰੂ

**ਕੁਲਵਿੰਦਰ ਸਿੰਘ ਲਾਡੀ, ਫੱਤੂਢੀਂਗਾ** : ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਇਸਤਰੀਆ ਖੀਰਾਂਵਾਲੀ ਕਪੂਰਥਲਾ ਆਈ.ਟੀ.ਆਈ ਵਿਖੇ ਟੈਕਨੀਕਲ ਕੋਰਸਾਂ ਲਈ ਸੈਸ਼ਨ 2022-23 ਲਈ ਦਾਖਲਾ ਸ਼ੁਰੂ ਹੋ ਗਿਆ ਹੈ। ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਰੁਪਿੰਦਰ ਕੌਰ ਨੇ ਦੱਸਿਆ ਕਿ ਸੰਸਥਾਵਾਂ 'ਚ ਕਰਵਾਏ ਜਾਂਦੇ ਸਵਿੰਗ ਟੈਕਨਾਲੋਜੀ, ਸਰਫੇਸ ਓਰਨਾਮੈਂਟ, ਕੰਪਿਊਟਰ, ਕੌਸਮੈਟੋਲੋਜੀ (ਬਿਊਟੀਸ਼ਨ) ਦੇ 1-1 ਸਾਲਾਂ ਕੋਰਸ ਲਈ ਦਾਖਲੇ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਸਾਰੇ ਕੋਰਸ ਭਾਰਤ ਅਤੇ ਪੰਜਾਬ ਸਰਕਾਰ ਤੋਂ ਮਾਨਤਾ ਪ੍ਰਾਪਤ ਹਨ । ਉਨ੍ਹਾਂ ਅੱਗੇ ਦੱਸਿਆ ਕਿ ਇਨ੍ਹਾਂ ਕੋਰਸਾਂ 'ਚ ਦਾਖਲਾ ਲੈਣ ਵਾਲਿਆਂ ਅਨੁਸੂਚਿਤ ਜਾਤੀ ਵਰਗ ਨਾਲ ਸਬੰਧਿਤ ਵਿਦਿਆਰਥਣਾਂ ਨੂੰ ਟਿਊਸ਼ਨ ਫੀਸ ਮਾਫੀ ਦੀ ਸਹੂਲਤ ਦਿੱਤੀ ਜਾਂਦੀ ਹੈ ਤੇ ਕੋਰਸ ਮੁਕੰਮਲ ਹੋਣ ਉਪਰੰਤ ਲੜਕੀਆਂ ਨੂੰ ਰੋਜਗਾਰ ਦਿਵਾਉਣ 'ਚ ਮਦਦ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਸਵੈ ਰੋਜ਼ਗਾਰ ਲਈ ਵੀ ਪ੍ਰੇਰਿਤ ਕੀਤਾ ਜਾਂਦਾ ਹੈ। ਇਸ ਮੌਕੇ ਰਜਵੰਤ ਕੌਰ ਕਢਾਈ ਇਸ:,ਅਮਰਜੀਤ ਕੌਰ ਕਢਾਈ ਇਸ:, ਪ੍ਰਦੀਪ ਸਿੰਘ ਕੋਪਾ ਇਸ:, ਨਵਪ੍ਰੀਤ ਕੌਰ ਕੋਸਮੋ ਇਸ:, ਸ਼ਰਨਜੀਤ ਕੌਰ ਕਢਾਈ ਇਸ:, ਪਰਮਦੀਪ ਸਿੰਘ ਅਕਾਊਂਟੈਂਟ ਹਾਜ਼ਰ ਸਨ।